# ਤੈਨੂੰ ਸਲਾਮ

–ਮਹਿੰਦਰ ਸਾਥੀ

ਰੋਸ਼ਨੀ ਦੇ ਰਾਹੀਆ, ਐ! ਰਹਿਬਰਾ ਤੈਨੂੰ ਸਲਾਮ!
ਹੱਕ–ਸੱਚ, ਇਨਸਾਫ਼ ਦੇ, ਐ! ਯੋਧਿਆ ਤੈਨੂੰ ਸਲਾਮ!

ਜੋ ਅਚੇਤਨ ਲੋਕਤਾ ਵਿਚ ਤੂੰ ਜਗਾਈ ਚੇਤਨਾ,
ਕਰ ਰਹੀ ਹੈ, ਜਾਗਦੀ ਉਹ ਚੇਤਨਾ ਤੈਨੂੰ ਸਲਾਮ!

ਮਿਹਨਤਾਂ, ਮਜ਼ਦੂਰੀਆਂ ਦੇ ਦਰਦ ਦੀ ਸੀ ਤੂੰ ਜ਼ੁਬਾਨ,
ਦਰਦ ਡੁੱਬੇ ਢਾਰਿਆਂ ਦੇ ਦਰਦੀਆ ਤੈਨੂੰ ਸਲਾਮ!

ਵਹਿਸ਼ਤਾਂ ਨਾ ਦਹਿਸ਼ਤਾਂ ਤੋਂ ਤੂੰ ਕਦੀ ਵੀ ਦਹਿਲਿਆ,
ਐ! ਮਨੁੱਖਤਾ ਦੇ ਪੁਜਾਰੀ ਸੂਰਿਆ ਤੈਨੂੰ ਸਲਾਮ!

ਜੂਝ ਰਹੀਆਂ ਜੋ ਮਸ਼ਾਲਾਂ ਹਨ ਹਨੇਰੇ ਦੇ ਖਿਲਾਫ਼,
ਹੈ ਮਸ਼ਾਲਾਂ ਉਹ ਕਰਦਾ ਕਾਫ਼ਲਾ ਤੈਨੂੰ ਸਲਾਮ!

ਤੂੰ ਕਲਾ ਦੀ ਪ੍ਰਤੀਬੱਧਤਾ ਕੀ ਏ ਹੁੰਦੀ ਦੱਸ ਗਿਉਂ,
ਹਰ ਜ਼ਮੀਰ ਏ ਕਰਦਾ ਜਿਉਂਦਾ ਜਾਗਦਾ ਤੈਨੂੰ ਸਲਾਮ!

ਜ਼ਿੰਦਗੀ ਭਰ ਜ਼ਿੰਦਗੀ ਜਿਹੜੀ ਲਈ ਤੂੰ ਜੂਝਿਆ,
ਹਰ ਜੁਝਾਰੂ ਕਰਦੈ ਉਸ ਲਈ ਜੂਝਦਾ ਤੈਨੂੰ ਸਲਾਮ!

ਲੋਕ–ਨਾਇਕ ਤੇਰੇ ਵਰਗਾ ਵਕਤ ਕਰਦੈ ਮਰ ਕੇ ਤਿਆਰ,
ਲੋਕਤਾ ਦਾ, ਲੋਕਤਾ ਦੇ ਹੀਰਿਆ ਤੈਨੂੰ ਸਲਾਮ!

ਲਾਲੋਆਂ ਦਾ ਵੀਰ ਤੇ ਤੂੰ ਭਾਗੋਆਂ ਦੇ ਸੀਨੇ ਤੀਰ,
ਜ਼ੁਲਮੋ–ਸਿਤਮ ਸੰਗ ਭਿੜਦਿਆ ਐ ਬਾਗ਼ੀਆ ਤੈਨੂੰ ਸਲਾਮ!

ਮੈਂ ਮਸ਼ਾਲਾਂ ਬਾਲਦੇ ਰਹਿਣੈਂ ਹਨੇਰੇ ਰਾਹਾਂ ਵਿਚ,
ਇਸ ਕਸਮ, ਇਸ ਸਾਥੀ ਮੇਰੇ ਅਹਿਦ ਦਾ ਤੈਨੂੰ ਸਲਾਮ!

ਸਾਡੇ ਨਗ਼ਮੇ, ਨਾਅਰੇ, ਸੰਘਰਸ਼ਾਂ 'ਚ ਰਹਿਣਾ ਤੂੰ ਸਦਾ,
ਯੁੱਗ–ਪੁਰਸ਼ਾ! ਸਾਡੇ ਨਗ਼ਮੇ, ਨਾਅਰੇ ਦਾ ਤੈਨੂੰ ਸਲਾਮ!